ਖੇਡਾਂ ਨਾਲ ਜੁੜ ਕੇ ਨਰੋਏ ਸਮਾਜ ਦੀ ਸਿਰਜਣਾ ਸੰਭਵ-ਰਿਸ਼ੀ ਰਾਮ

ਬਾਬਾ ਗੋਕਲ ਦਾਸ ਕਬੱਡੀ ਕਲੱਬ ਰੋੜੀ ਕਪੂਰਾ ਵੱਲੋਂ ਕਰਵਾਏ ਜਾ ਰਹੇ ਤੀਸਰੇ ਟੂਰਨਾਮੈਂਟ ਦਾ ਉਦਘਾਟਨ ਕਰਦੇ ਹੋਏ ਸੰਤ ਬਾਬਾ ਰਿਸ਼ੀ ਰਾਮ ਜੀ ਜਸਵੰਤ ਢਿੱਲੋਂ ਤੇ ਪਿੰਡ ਦੇ ਪਤਵੰਤੇ ਅਸਮਾਨ ਵਿੱਚ ਗੁਬਾਰੇ ਛੱਡਦੇ ਹੋਏ।

ਜੈਤੋ, 9 ਜਨਵਰੀ (ਪੱਤਰ ਪ੍ਰੇਰਕ)-ਬਾਬਾ ਗੋਕਲ ਦਾਸ ਕਬੱਡੀ ਕਲੱਬ ਰੋੜੀ ਕਪੂਰਾ ਵੱਲੋਂ ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਤੀਸਰਾ ਕਬੱਡੀ ਟੂਰਨਾਮੈਂਟ ਪਿੰਡ ਰੋੜੀ ਕਪੂਰਾ ਦੇ ਸਰਕਾਰੀ ਸਕੂਲ ਦੀ ਗਰਾਊਂਡ ਵਿਖੇ ਸ਼ਾਨੋ-ਸ਼ੌਕਤ ਨਾਲ ਸ਼ੁਰੂ ਹੋਇਆ। ਜਿਸ ਦਾ ਉਦਘਾਟਨ ਵਿਵੇਕ ਆਸ਼ਰਮ ਚੈਨਾ ਰੋਡ ਜੈਤੋ ਦੇ ਸੰਚਾਲਕ ਸੰਤ ਬਾਬਾ ਰਿਸ਼ੀ ਰਾਮ ਸਾਬਕਾ ਸਰਪੰਚ ਗੁਰਦੇਵ ਸਿੰਘ, ਮੌਜੂਦਾ ਸਰਪੰਚ ਕੁਲਵੰਤ ਸਿੰਘ, ਪਸਵਕ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਰਾੜ, ਕਲੱਬ ਦੇ ਪ੍ਰਧਾਨ ਕੁਲਵਿੰਦਰ ਬਰਾੜ, ਕੁਲਦੀਪ ਸਿੰਘ ਅਰੋੜਾ, ਮੇਜਰ ਸਿੰਘ ਗਿਆਨੀ ਆਦਿ ਪਤਵੰਤਿਆਂ ਵੱਲੋਂ ਰੀਬਨ ਕੱਟਣ ਉਪਰੰਤ ਅਸਮਾਨ ਵਿੱਚ ਗੁਬਾਰੇ ਕੱਢ ਕੇ ਕੀਤਾ। ਇਸ ਕਬੱਡੀ ਟੂਰਨਾਮੈਂਟ ਦਾ ਸ਼ੋਅ ਮੈਚ ਪਿੰਡ ਰੋੜੀ ਕਪੂਰਾ ਅਤੇ ਮੱਲ੍ਹਣ ਦੀਆਂ ਟੀਮਾਂ ਵਿਚਕਾਰ ਕਰਵਾਇਆ ਗਿਆ। ਇਸ ਮੌਕੇ ਪਿੰਡ ਵਾਸੀਆਂ ਅਤੇ ਖੇਡ ਪ੍ਰੇਮੀਆਂ, ਕਬੱਡੀ ਖਿਡਾਰੀਆਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇੱਕ ਚੰਗਾ ਖਿਡਾਰੀ ਹੀ ਦੇਸ਼ ਦਾ ਚੰਗਾ ਨਿਰਮਾਣ ਹੋਣਾ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਖੇਡਾਂ ਨਾਲ ਨੌਜਵਾਨਾਂ ਅੰਦਰੋਂ ਸਮਾਜਿਕ ਕੁਰੀਤੀਆਂ ਨੂੰ ਦੂਰ ਕੀਤਾ ਜਾ ਸਕਦਾ ਹੈ ਅਤੇ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਸੰਭਵ ਹੈ। ਇਸ ਕਲੱਬ ਅਤੇ ਸਰਪੰਚ ਪਿੰਡ ਵਾਸੀਆਂ ਸਾਬਕਾ ਸਰਪੰਚ ਕਬੱਡੀ ਖਿਡਾਰੀ ਜਸਵੰਤ ਸਿੰਘ ਢਿੱਲੋਂ ਬਾਬਾ ਜੀ ਨੂੰ ਜੀ ਆਇਆਂ ਕਿਹਾ ਅਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਰਪੰਚ ਯੂਨੀਅਨ ਪ੍ਰਧਾਨ ਰਾਜਪਾਲ ਸਿੰਘ, ਕੌਰ ਸਿੰਘ ਬਰਾੜ ਡੇਲਿਆਂਵਾਲੀ, ਕਾਬਲ ਸਿੰਘ ਬਰਾੜ, ਚੰਦ ਸਿੰਘ ਸਾਬਕਾ ਮੰਚ, ਸਾਬਕਾ ਸਰਪੰਚ ਜਗਰੂਪ ਸਿੰਘ ਬਿੰਦੂ, ਮਿਸਤਰੀ ਕਾਕਾ ਗਿੱਲ, ਮੀਰਾ ਬਰਾੜ ਜਸਵੰਤ ਬਰਾੜ, ਬੱਬੀ ਭੁੱਲਰ ਹਾਜ਼ਰ ਸਨ।

ਬਸੰਤ ਆਈਸ ਕ੍ਰੀਮ ਨੇ ਮੁਕਾਬਲੇ 'ਚ 2 ਕਾਂਸੀ ਦੇ ਤਮਗੇ ਜਿੱਤੇ

ਲੁਧਿਆਣਾ, 9 ਜਨਵਰੀ (ਰਾਜ ਜੋਸ਼ੀ)-ਮਹਾਂਨਗਰ ਲੁਧਿਆਣਾ ਦੀ ਮਸ਼ਹੂਰ ਬਸੰਤ ਆਈਸ ਕ੍ਰੀਮ ਨੇ ਇਸ ਸਾਲ ਵੱਡਾ ਮਾਰਅਕਾ ਮਾਰਦਿਆਂ ਅੰਤਰ ਰਾਸ਼ਟਰੀ ਡੈਨਮਾਰਕ ਦੀ ਕੰਪਨੀ ਡੈਨਸਕੋ ਵਲੋਂ ਹਰ ਸਾਲ ਆਈਸ ਕ੍ਰੀਮ ਦੇ ਕਰਾਏ ਜਾਂਦੇ ਮੁਕਾਬਲਿਆਂ ਵਿੱਚ ਫਰੂਟ ਆਈਸ ਕ੍ਰੀਮ ਅਤੇ ਚਾਕਲੇਟ ਆਈਸ ਕਰੀਮ ਦੀ ਕੈਟਾਗਰੀ ਵਿੱਚ ਕਾਂਸੀ ਦੇ ਤਮਗੇ ਹਾਸਲ ਕਰਕੇ ਲੁਧਿਆਣਾ ਦਾ ਨਾਂਅ ਰੋਸ਼ਨ ਕਰ ਦਿੱਤਾ ਹੈ। ਇਸ ਸੰਬੰਧੀ ਪੱਤਰਕਾਰਾਂ ਨੂੰ ਤਮਗੇ ਅਤੇ ਸਰਟੀਫਿਕੇਟ ਦਿਖਾਉਂਦਿਆਂ ਸ੍ਰ. ਰਜਿੰਦਰ ਸਿੰਘ ਬਸੰਤ ਉਨ੍ਹਾਂ ਦੇ ਬੇਟੇ ਕੰਵਲਪ੍ਰੀਤ ਸਿੰਘ ਤੇ ਚਰਨਜੀਤ ਸਿੰਘ ਨੇ ਦੱਸਿਆ ਕਿ ਇੰਡੀਅਨ ਡੇਅਰੀ ਐਸੋਸੀਏਸ਼ਨ ਵਿੱਚ ਇਸ ਆਈਸ, ਕ੍ਰੀਮ ਮੁਕਾਬਲੇ ਵਿੱਚ ਦੇਸ਼ ਭਰ ਦੀਆਂ 43 ਕੰਪਨੀਆਂ ਨੇ ਹਿੱਸਾ ਲਿਆ ਸੀ, ਜਿਨ੍ਹਾਂ ਵਿੱਚ ਵੱਖ-ਵੱਖ ਕੈਟਾਗਰੀਆਂ ਦੀਆਂ ਅਈਸ ਕ੍ਰੀਮਾਂ ਨੂੰ ਗੋਲਡ, ਸਿਲਵਰ ਅਤੇ ਬਰੋਜ ਮੈਡਲ ਦਿੱਤੇ ਗਏ ਸਨ। ਸ੍ਰ. ਚਰਨਜੀਤ ਸਿੰਘ ਬਸੰਤ ਨੇ ਇਸ ਸਮੇਂ ਦੱਸਿਆ ਕਿ ਉਕਤ ਕੰਪਨੀ ਡੈਨਸਕੋ ਅਤੇ ਇੰਡੀਅਨ ਡੇਅਰੀ ਐਸੋਸੀਏਸ਼ਨ ਵੱਲੋਂ ਜਿੱਥੇ ਸਾਡੇ ਵੱਲੋਂ ਸੈਂਪਲ ਭੇਜੇ ਗਏ ਸਨ, ਉਥੇ ਬਾਜ਼ਾਰ ਵਿੱਚੋਂ ਵੀ ਉਨ੍ਹਾਂ ਦੇ ਸੈਂਪਲ ਇਕੱਤਰ ਕਰਕੇ 15 ਤਰ੍ਹਾਂ ਦੇ ਚੈੱਕ ਪੁਆਇੰਟ ਪਾਸ ਕਰਨ ਉਪਰੰਤ ਇਹ ਐਵਾਰਡ ਦਿੱਤੇ ਹਨ। ਉਨ੍ਹਾਂ ਦੱਸਿਆ ਕਿ ਅਸੀਂ 3 ਕੈਟਾਗਰੀਆਂ ਵਿੱਚ ਪਾਰਟੀਸਪੇਟ ਕੀਤਾ ਸੀ ਤੇ ਪਹਿਲੀ ਵਾਰ ਹੀ ਅਸੀਂ ਜਿੱਥੇ ਕੰਪਨੀ ਬਸੰਤ ਆਈਸ ਕ੍ਰੀਮ ਦਾ ਨਾਂਅ ਉੱਚਾ ਕੀਤਾ ਹੈ, ਉਥੇ ਅਸੀਂ ਲੁਧਿਆਣਾ ਦਾ ਨਾਂ ਵੀ ਉੱਚਾ ਕੀਤਾ ਹੈ। ਸ੍ਰ. ਬਸੰਤ ਸੰਘ ਨੇ ਦੱਸਿਆ ਕਿ ਅਸੀਂ ਯੂ.ਪੀ. ਵਿੱਚ ਨੋਇਡਾ ਵਿਖੇ ਪਲਾਂਟ ਲਾ ਰਹੇ ਹਾਂ ਤੇ ਲੰਡਨ ਵਿੱਚ ਅਸੀਂ ਆਪਣਾ ਆਊਟ ਲਿਟ ਆਰੰਭ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਅਸੀਂ ਜਲਦ ਹੀ ਪੂਰੇ ਸੰਸਾਰ ਵਿੱਚ ਆਪਣੇ ਉਤਪਾਦ ਲੈ ਕੇ ਜਾਵਾਂਗੇ।

ਪੰਜਾਬ ਸਰਕਾਰ ਹਰੇਕ ਫਰੰਟ 'ਤੇ ਫੇਲ - ਦਮਨਜੀਤ

ਫਤਿਹਗੜ੍ਹ ਸਾਹਿਬ, 9 ਜਨਵਰੀ (ਪਰਦੀਪ ਸਿੰਘ) : ਪੰਜਾਬ ਸਰਕਾਰ ਹਰੇਕ ਫਰੰਟ ਤੇ ਫੇਲ ਸਾਬਤ ਹੋ ਰਹੀ ਹੈ। ਅੱਜ ਪੰਜਾਬ ਵਿਚ ਵਿਕਾਸ ਕਾਰਜ ਬੰਦ ਪਏ ਹਨ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਉਪ ਮੰਤਰੀ ਸੁਖਬੀਰ ਸਿੰਘ ਬਾਦਲ ਵੱਡੇ ਵੱਡੇ ਬਿਆਨਾਂ ਦੇ ਕੇ ਜਨਤਾਂ ਨੂੰ ਗੁੰਮਰਾਹ ਕਰਨ ਤੇ ਲੱਗੇ ਹਨ। ਜਦਕਿ ਮੌਜੂਦਾ ਸਮੇਂ ਜੇਕਰ ਵਿਧਾਨ ਸਭਾ ਚੋਣਾਂ ਹੋ ਜਾਣ ਤਾਂ ਅਕਾਲੀ ਭਾਜਪਾ ਗਠਜੋੜ ਨੂੰ ਕੋਈ ਵੀ ਸੀਟ ਨਾ ਮਿਲੇ। ਇਹ ਪ੍ਰਗਟਾਵਾ ਜਿਲ੍ਹਾ ਕਾਂਗਰਸ ਕਮੇਟੀ ਦੇ ਜੁਆਇੰਟ ਸਕੱਤਰ ਦਮਨਜੀਤ ਸਿੰਘ ਆੜਤੀ ਭੱਲਮਾਜਰਾ ਨੇ ਕੀਤਾ। ਇਸ ਮੌਕੇ ਸਾਧੂ ਰਾਮ ਭੱਟ ਮਾਜਰਾ, ਸੁਰਿੰਦਰ ਸਿੰਘ ਅਤਾਪੁਰ, ਚਰਨ ਸਿੰਘ ਖਾਨਪੁਰ, ਗੁਰਦੱਮਣ ਸਿੰਘ ਢਿੱਲੋਂ, ਰਣਜੀਤ ਸਿੰਘ ਘੋਲਾਂ, ਜੈ ਸਿੰਘ ਕਰਮ ਸਿੰਘ, ਮਨਦੀਪ ਸਿੰਘ ਅਤਾਪੁਰ ਪ੍ਰਧਾਨ ਬਲਾਕ ਬੂਥ ਕਾਂਗਰਸ ਸਰਹਿੰਦ, ਹਰਮਿੰਦਰ ਸਿੰਘ ਕੰਗ, ਅਵਤਾਰ ਸਿੰਘ ਠੇਕੇਦਾਰ, ਗੁਰਦਿਆਲ ਚੰਦ ਬਡਾਲੀ ਮਾਈ ਕੀ, ਕਰਮਜੀਤ ਕੌਰ ਵੀ ਹਾਜਰ ਸਨ।

ਜਨਮ ਦਿਹਾੜਾ ਮਨਾਇਆ

ਬੱਢਲਾਡਾ, 9 ਜਨਵਰੀ (ਦਵਿੰਦਰ ਸਿੰਘ ਕੋਹਲੀ)-ਦਸ਼ਮੇਸ਼ ਪੀਟਰ ਯੂਨੀਅਨ ਬੋਹਾ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਯੂਨੀਅਨ ਦੇ ਪ੍ਰਧਾਨ ਸੁਖਦੇਵ ਸਿੰਘ ਸੁੱਖਾ, ਅਜੀਤ ਸਿੰਘ, ਰਤਨ ਸਿੰਘ, ਗੁਰਨਿਆਰ, ਜੋਗਾ ਸਿੰਘ, ਅਜੀਤ ਸਿੰਘ ਕਮਾਨੀ, ਜਸਵੰਤ ਸਿੰਘ ਮੈਂਬਰ, ਕਰਨੈਲ ਸਿੰਘ, ਛਿੰਦਰ ਕੁਮਾਰ ਚੰਨੀ ਨੇ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਨ ਪਿਛਲੇ 15 ਸਾਲਾਂ ਤੋਂ ਇਸੇ ਤਰ੍ਹਾਂ ਧੂਮਧਾਮ ਨਾਲ ਮਨਾਇਆ ਜਾਂਦਾ ਹੈ।

ਲੋੜਵੰਦ ਤੇ ਹੁਸ਼ਿਆਰ ਬੱਚਿਆ ਨੂੰ ਵਜ਼ੀਫੇ ਦਿੱਤੇ

ਤਖ਼ਤਗੜ੍ਹ, 9 ਜਨਵਰੀ (ਪੱਤਰ ਪ੍ਰੇਰਕ) ਪਿਛਲੇ ਦਿਨੀ ਪੀਰ ਬਾਬਾ ਜਿੰਦਾ ਸ਼ਹੀਦ ਸੁਸਾਇਟੀ ਨੂਰਪੁਰ ਬੇਦੀ ਜਿਸ ਦੇ ਚੇਅਰਮੈਨ ਐਸ.ਐਸ.ਪੀ. ਐਲ. ਕੇ. ਯਾਦਵ ਰੂਪ ਨਗਰ ਹਨ, ਵੱਲੋਂ ਸਰਕਾਰੀ ਹਾਈ ਸਕੂਲ ਧੁਮਾਣਾ ਵਿਖੇ ਬੱਚਿਆਂ ਨੂੰ ਸੌਂਪ ਦਿੱਤੇ ਗਏ। ਅੱਜ ਉਕਤ ਸਕੂਲਾਂ 'ਚ ਹੋਏ ਇੱਕ ਸਮਾਗਮ ਦੌਰਾਨ ਰੋਸ਼ਨ ਲਾਲਾ ਪੁੱਤਰ ਕਸ਼ਮੀਰੀ ਲਾਲ, ਵਰਿੰਦਰ ਕੁਮਾਰ ਪੁੱਤਰ ਧਰਮ ਚੰਦ ਨੂੰ 1500-1500 ਰੁਪਏ ਜਦ ਕਿ ਸੀਮਾ ਦੇਵੀ ਪੁੱਤਰੀ ਚਮਨ ਲਾਲ ਨੂੰ ਸਕੂਲ ਸਟਾਫ਼ ਵੱਲੋਂ ਇੱਕ-ਇੱਕ ਹਜ਼ਾਰ ਰੁਪਿਆ ਦਿੱਤਾ ਗਿਆ। ਮੁੱਖ ਅਧਿਆਪਕ ਸ੍ਰੀ ਵਰਿੰਦਰ ਸ਼ਰਮਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਕਤ ਸੁਸਾਇਟੀ ਵੱਲੋਂ ਸਕੂਲ ਨੂੰ ਜਮੀਨ ਖਰੀਦਣ ਲਈ ਜੋ ਇੱਕ ਲੱਖ ਰੁਪਏ ਦੀ ਵਿਤੀ ਸਹਾਇਤਾ ਦਿੱਤੀ ਗਈ ਹੈ, ਲਈ ਸਕੂਲ ਸਟਾਫ਼ ਤੇ ਨੇੜੇ ਪੈਂਦੀਆਂ ਸਮੂਹ ਪੰਚਾਇਤਾਂ ਵੱਲੋਂ ਉਕਤ ਸੁਸਾਇਟੀ ਦੇ ਚੇਅਰਮੈਨ ਐਸ. ਐਸ. ਪੀ. ਸ੍ਰੀ ਯਾਦਵ ਦਾ ਵਿਸ਼ੇਸ਼ ਧਾਂਨਵਾਦ ਕੀਤਾ। ਇਸ ਮੌਕੇ ਵਿੱਦਿਆ ਅਤੇ ਹੋਰ ਗਤੀਵਿਧਈਆਂ ਵਿੱਚ ਆਪਣੀ ਛਾਪ ਛੱਡਣ ਵਾਲੇ ਹੋਣਹਾਰ ਵਿਦਿਆਰਥੀ ਸੁਖਇੰਦਰ ਸਿੰਘ ਸੁੱਖੀ ਪੁੱਤਰ ਕੁਲਦੀਪ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਅਕਾਲੀ ਸਰਕਾਰ ਨੂੰ ਕਿਸਾਨਾਂ ਦੀ ਕੋਈ ਫ਼ਿਕਰ ਨਹੀ-ਜੱਲਾ

ਫ਼ਤਿਹਗੜ੍ਹ ਸਾਹਿਬ, 9 ਜਨਵਰੀ (ਬਲਜਿੰਦਰ ਸਿੰਘ)-ਪੰਜਾਬ ਸਰਕਾਰ ਵਿਚਲੀ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੀ ਸਾਂਝੀ ਸਰਕਾਰ ਪੰਜਾਬ ਦੇ ਕਿਸਾਨਾਂ ਨਾਲ ਕੋਝਾ ਮਜ਼ਾਕ ਕਰ ਰਹੀ ਹੈ, ਕਿਉਂਕਿ ਕੇਂਦਰ ਦੀ ਕਾਂਗਰਸ ਸਰਕਾਰ ਵਲੋਂ ਜਾਰੀ ਹੋਇਆ ਜੀਰੀ ਤੇ ਪੰਜਾਹ ਰੁਪਏ ਪ੍ਰਤੀ ਕੁਇੰਟਲ ਬੋਨਸ ਅਜੇ ਤਕ ਕਿਸਾਨਾਂ ਨੂੰ ਜਾਰੀ ਨਹੀਂ ਕੀਤਾ ਗਿਆ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸੂਬਾ ਸਕੱਤਰ ਗੁਰਸਤਿੰਦਰ ਸਿੰਘ ਜੱਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਸ੍ਰੀ ਜੱਲਾ ਨੇ ਕਿਹਾ ਕਿ ਕੇਂਦਰ ਸਰਕਾਰ ਵਲੋਂ ਹੋਰ ਵੀ ਅਜਿਹੀਆਂ ਜਨਤਾ ਪੱਖੀ ਸਕੀਮਾਂ ਜਾਰੀ ਕੀਤੀਆਂ ਗਈਆਂ ਹਨ, ਜਿਸ ਨੂੰ ਪੰਜਾਬ ਵਿਚ ਅਕਾਲੀ-ਭਾਜਪਾ ਸਰਕਾਰ ਲਾਗੂ ਕਰਵਾਉਣ ਤੋਂ ਚਕਰਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਸਪਸ਼ਟ ਹੈ ਕਿ ਦੇਸ਼ ਦੀ ਜਨਤਾ ਨੂੰ ਸਹੀ ਪ੍ਰਸ਼ਾਸਨ ਕੇਵਲ ਕਾਂਗਰਸ ਪਾਰਟੀ ਦੀ ਸਰਕਾਰ ਹੀ ਦੇ ਸਕਦੀ ਹੈ, ਕਿਉਂਕਿ ਅਕਾਲੀ ਭਾਜਪਾ ਸਰਕਾਰ ਨੂੰ ਕੇਵਲ ਅਪਣੇ ਨਿੱਜੀ ਹੀ ਪਿਆਰੇ ਹਨ ਤੇ ਅਕਾਸੀਜਨ ਦੇ ਸਹਾਰੇ ਚੱਲ ਰਹੀ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਆਪਸ ਵਿਚ ਹੀ ਖਿਚੋਤਾਣ ਵਿਚ ਵਿਚਰ ਰਹੀਆਂ ਹਨ, ਇਨ੍ਹਾਂ ਨੂੰ ਜਨਤਾ ਦੀ ਭਲਾਈ ਤੇ ਪੰਜਾਬ ਦੇ ਮਸਲਿਆਂ ਦੀ ਕੀ ਪ੍ਰਵਾਹ ਹੈ। ਸ. ਜੱਲਾ ਨੇ ਕਿਹਾ ਕਿ ਜੇ ਇਸ ਸਰਕਾਰ ਵਲੋਂ ਜਲਦੀ ਤੋਂ ਜਲਦੀ ਕੇਂਦਰ ਸਰਕਾਰ ਵਲੋਂ ਜਾਰੀ ਹੋਇਆ ਜੀਰੀ ਉੱਤੇ ਪੰਜਾਹ ਰੁਪਏ ਬੋਨਸ ਕਿਸਾਨਾਂ ਨੂੰ ਨਾ ਦਿਤਾ ਗਿਆ ਤਾਂ ਕਾਂਗਰਸ ਪਾਰਟੀ ਨੂੰ ਧਰਨੇ ਦੇਣ ਲਈ ਮਜਬੂਰ ਹੋਣਾ ਪਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰੁਪਿੰਦਰ ਸਿੰਘ ਜੱਲਾ, ਹਰਮਨਦੀਪ ਸਿੰਘ ਗੋਗੀ, ਸ਼ਿਗਾਰਾ ਸਿੰਘ ਜੱਲਾ, ਗੁਰਪਾਲ ਸਿੰਘ ਹੈਪੀ ਆਦਿ ਵੀ ਹਾਜ਼ਰ ਸਨ।

ਖ਼ਬਰਨਾਮਾ

ਪੈਟਰੋਲ ਪੰਪ ਕਰਮਚਾਰੀ ਤੋਂ 2 ਲੱਖ 25 ਹਜ਼ਾਰ ਰੁਪਏ ਲੁੱਟੇ

ਫਾਜ਼ਿਲਕਾ, 9 ਜਨਵਰੀ (ਨਿਸ਼ਾ ਸ਼ਰਮਾ)-ਕੱਲ੍ਹ ਦਿਨ-ਦਿਹਾੜੇ ਪਿਸਤੌਲ ਦਿਖਾ ਕੇ ਪੈਟਰੋਲ ਪੰਪ ਕਰਮਚਾਰੀ ਜਿਹੜੇ ਮੋਟਰ ਸਾਈਸਲ 'ਤੇ ਸਵਾਰ ਤਿੰਨ ਚਾਰ ਨੌਜਵਾਨਾਂ ਨੇ 2 ਲੱਖ 25 ਹਜ਼ਾਰ 243 ਰੁਪਏ ਖੋਹ ਲਏ। ਕਰਮਚਾਰੀ ਮੇਹਰ ਸਿੰਘ ਦੇ ਕਥਨ ਅਨੁਸਾਰ ਉਹ ਫਾਜ਼ਿਲਕਾ ਤੋਂ 7 ਕਿਲੋਮੀਟਰ ਦੂਰ ਬੀ.ਪੀ. ਪੈਟਰੋਲ ਪੰਪ ਉਤੇ ਕੰਮ ਕਰਦਾ ਹੈ ਅਤੇ ਜਦੋਂ ਉਹ ਪੌਣੇ 11 ਵਜੇ ਸਵੇਰੇ ਬੈਂਕ ਵਿੱਚੋਂ ਟੇਕ ਚੰਦ ਵਾਸੀ ਔਝਾ ਵਾਲੀ ਦੇ ਨਾਲ ਪੈਸੇ ਜਮ੍ਹਾਂ ਕਰਵਾਉਣ ਜਾ ਰਿਹਾ ਸੀ ਤਾਂ ਉਦੋਂ ਟਰੱਕ ਯੂਨੀਅਨ ਦੇ ਕੋਲ ਸਾਹਮਣੇ ਕਾਰ ਨੇ ਆ ਕੇ ਟਕਰ ਮਾਰੀ, ਜਿਸ ਨਾਲ ਉਹ ਹੇਠਾਂ ਡਿੱਗ ਪਏ,ਉਸ ਵੇਲੇ ਹੀ ਉਨ੍ਹਾਂ ਕਾਰ ਸਵਾਰਾਂ ਨੇ ਉਨ੍ਹਾਂ ਉੱਤੇ ਹਮਲਾ ਬੋਲ ਦਿੱਤਾ ਅਤੇ ਹੱਥਾਂ ਉਤੇ ਡੰਡਾ ਮਾਰਿਆ ਤੇ ਹੱਥ ਵਿੱਚ ਫੜਿਆ ਰੁਪਈਆਂ ਵਾਲਾ ਬੈਗ ਖੋਹ ਲਿਆ।

ਪੁਲਿਸ ਵੱਲੋਂ ਮਨਾਇਆ ਗਿਆ 21ਵਾਂ ਸੁਰੱਖਿਆ ਹਫਤਾ

ਨਾਭਾ, 9 ਜਨਵਰੀ (ਰਾਜਿੰਦਰ ਸਿੰਘ ਕਪੂਰ)-21ਵੇਂ ਟ੍ਰੈਫਿਕ ਸੁਰੱਖਿਆ ਹਫਤੇ ਦੇ ਤਹਿਤ ਅੱਜ ਨਾਭਾ ਪੁਲਿਸ ਵੱਲੋਂ ਸ਼ਹਿਰ ਵਿੱਚ ਵੱਖ-ਵੱਖ ਜਗ੍ਹਾ ਪ੍ਰੋਗਰਾਮ ਆਯੋਜਿਤ ਕੀਤੇ ਗਏ। ਇਸੇ ਤਹਿਤ ਸਥਾਨਿਕ ਰੋਹਟੀ ਪੁਲ ਨਾਭਾ ਵਿਖੇ ਇੱਕ ਪ੍ਰੋਗਰਾਮ ਕੀਤਾ ਗਿਆ, ਜਿਸ ਵਿੱਚ ਐੱਸ.ਐੱਸ.ਪੀ. ਪਟਿਆਲਾ ਸ੍ਰ. ਰਣਬੀਰ ਸਿੰਘ ਖੱਟੜਾ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਇਸ ਮੌਕੇ ਸ੍ਰ. ਖੱਟੜਾ ਅਤੇ ਐੱਸ.ਪੀ. ਨਰਭਿੰਦਰ ਸਿੰਘ ਸੇਖੋਂ ਵੱਲੋਂ ਵੱਖ-ਵੱਖ ਗੱਡੀਆਂ 'ਤੇ ਰਿਫਲੈਕਟਰ ਲਗਾ ਕੇ ਲੋਕਾਂ ਨੂੰ ਜਾਗਰੂਕ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰ. ਖੱਟੜਾ ਨੇ ਕਿਹਾ ਕਿ ਵਹੀਕਲ ਨੂੰ ਸੜਕ 'ਤੇ ਚੜ੍ਹਾਉਣ ਤੋਂ ਪਹਿਲਾਂ ਚਲਾਉਣ ਵਾਲੇ ਵਿਅਕਤੀ ਨੂੰ ਟ੍ਰੈਫਿਕ ਨਿਯਮਾਂ ਪ੍ਰਤੀ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਹੋਰਨਾਂ ਤੋਂ ਇਲਾਵਾ ਡੀ.ਐੱਸ.ਪੀ. ਨਾਭਾ ਅਰਸ਼ਦੀਪ ਸਿੰਘ ਗਿੱਲ, ਐੱਸ.ਐੱਚ.ਓ. ਕੋਤਵਾਲੀ ਹਰਭਜਨ ਸਿੰਘ, ਟ੍ਰੈਫਿਕ ਇੰਚਾਰਜ ਜ਼ਿਲ੍ਹਾ ਪਟਿਆਲਾ ਦਲਜੀਤ ਸਿੰਘ, ਐੱਸ.ਐੱਚ.ਓ. ਸਦਰ ਸਮਿੰਦਰ ਸਿੰਘ, ਸ੍ਰ. ਕੁਲਵਿੰਦਰ ਸਿੰਘ ਸਬ ਇੰਸਪੈਕਟਰ ਇੰਚਾਰਜ ਟ੍ਰੈਫਿਕ ਨਾਭਾ ਆਦਿ ਤੋਂ ਇਲਾਵਾ ਸ਼ਹਿਰ ਦੇ ਹੋਰ ਵੀ ਪਤਵੰਤੇ ਹਾਜ਼ਰ ਸਨ।

ਗਣਤੰਤਰ ਦਿਵਸ ਮਨਾਉਣ ਸਬੰਧੀ ਮੀਟਿੰਗ

ਮਾਨਸਾ, 9 ਜਨਵਰੀ (ਸੁਰਿੰਦਰ) ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਭਾਰਤ ਦੀ ਗਣਤੰਤਰ ਦਿਵਸ 26 ਜਨਵਰੀ ਵਾਲੇ ਦਿਨ ਸਰਕਾਰੀ ਨਹਿਰੂ ਮੈਮੋਰੀਅਲ ਕਾਲਜ ਦੀ ਗਰਾਊਂਡ ਵਿੱਚ ਧੂਮ-ਧਾਮ ਤੇ ਹਰਸ਼ੋ ਹੁਲਸ ਨਾਲ ਮਨਾਇਆ ਜਾਵੇਗਾ। ਵੱਖ-ਵੱਖ ਵਿਭਾਗਾਂ ਵੱਲੋਂ ਗਣਤੰਤਰ ਦਿਵਸ ਸਬੰਧੀ ਸਮਾਗਮ ਵਿੱਚ ਪਾਏ ਜਾਣ ਵਾਲੇ ਯੋਗਦਾਨ ਸਬੰਧੀ ਤਿਆਰੀਆਂ ਕਰਨ ਲਈ ਜਿਲ੍ਹਾ ਅਧਿਕਾਰੀਆਂ ਦੀ ਮੀਟਿੰਗ ਡਿਪਟੀ ਕਮਿਸ਼ਨਰ (ਜਨਰਲ) ਮਾਨਸਾ ਸ੍ਰੀਮਤੀ ਅਨੂ ਐਮ ਕਸ਼ਯਪ ਆਈ.ਏ.ਐਸ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਸਮੇਂ ਫੈਸਲਾ ਕੀਤਾ ਗਿਆ ਕਿ ਪੰਜਾਬ ਪੁਲਿਸ, ਪੰਜਾਬ ਹੋਮ ਗਾਰਡਜ, ਐਨ.ਸੀ.ਸੀ. ਕੈਡਿਟਸ, ਭਾਰਤ ਸਕਾਊਟਸ, ਗਰਲਗਾਈਟ ਦੀਆਂ ਟੁਕੜੀਆਂ ਵੱਲੋਂ ਸ਼ਾਨਦਾਰ ਪਰੇਡ ਦਾ ਪ੍ਰਦਰਸ਼ਨ ਕੀਤਾ ਜਾਵੇਗਾ। ਪਰੇਡ ਦੀ ਰਹਿਰਸਲ 21 ਜਨਵਰੀ 10 ਤੋਂ ਲਗਾਤਾਰ ਸਰਕਾਰੀ ਨਹਿਰੂ ਮੈਮੋਰੀਅਲ ਕਾਲਿਜ਼ ਦਜੀ ਗਰਾਊਂਡ ਵਿੱਚ ਹੋਵੇਗੀ। ਸਕੂਲੀ ਬੱਚਿਆਂ ਵੱਲੋਂ ਸ਼ਾਨਦਾਰ ਸੱਭਿਆਚਾਰ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ।

ਪ੍ਰੈਸ ਕੌਂਸਲ ਮੱਖੂ ਦੇ ਜੋਗਿੰਦਰ ਖਹਿਰਾ ਪ੍ਰਧਾਨ ਚੁਣੇ

ਮੱਖੂ, 9 ਜਨਵਰੀ (ਪ.ਪ.) ਮੱਖੂ ਦੇ ਪੱਤਰਕਾਰਾਂ ਦੀ ਇੱਕ ਹੰਗਾਮੀ ਮੀਚਿੰਗ ਮਾਰਕੀਟ ਕਮੇਟੀ ਦਫ਼ਤਰ ਮੱਖੂ ਵਿਖੇ ਡਾ. ਸੁਰਿੰਦਰ ਸਿੰਘ (ਪੱਤਰਕਾਰ) ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਪੱਤਰਕਾਰ ਜੋਗਿੰਦਰ ਸਿੰਘ ਖਹਿਰਾ, ਲਖਵਿੰਦਰ ਸਿੰਘ, ਮੁਖਤਿਆਰ ਸਿੰਘ ਧੰਜੂ, ਜਤਿੰਦਰ ਸਿੰਘ, ਸੁਖਦੇਵ ਸਿੰਘ ਮੱਲ੍ਹੀ ਖਡੂਰ, ਗੁਰਦਿਆਲ ਸਿੰਘ ਤਲਵੰਡੀ, ਡਾ. ਲਖਵਿੰਦਰ ਸਿੰਘ , ਆਤਮਾ ਸਿੰਘ ਚੁਰੀਆਂ, ਅਮਿਤ ਮਲਹੋਤਰਾ, ਸੁਭਾਸ਼ ਚੰਦਰ, ਵਰਿੰਦਰ ਮਨਚੰਦ. ਬਲਵੀਰ ਸਿੰਘ ਮੋਚਾਵਾਲਾ. ਡਾ. ਬੂਟਾ ਸਿੰਘ ਆਦਿ ਪੱਤਰਕਾਰ ਹਾਜ਼ਿਰ ਸਨ, ਸਰਬਸੰਮਤੀ ਨਾਲ ਮੱਖੂ ਦੇ ਪੱਤਰਕਾਰ ਮੁਖਤਿਆਰ ਸਿੰਘ ਧੰਜੂ ਨੂੰ ਚੇਅਰਮੈਨ ਸੀਨੀਅਰ ਪੱਤਰਕਾਰ ਜੋਗਿੰਦਰ ਸਿੰਘ ਖਹਿਰਾ ਨੂੰ ਪ੍ਰਧਾਨ ਵਿਕਰਮ ਕਪੂਰ ਜਨਰਲ ਸਕੱਤਰ ਡਾ. ਲਖਵਿੰਦਰ ਵਾਹੀ ਨੂੰ ਸਕੱਤਰ ਆਤਮਾ ਸਿੰਘ ਚੁਰੀਆ ਨੂੰ ਮੀਤ ਪ੍ਰਧਾਨ ਅਮਿਤ ਮਲਹੋਤਰਾ ਅਤੇ ਕੈਸ਼ੀਅਰ ਵਰਿੰਦਰ ਮਨਚੰਦਾ ਨੂੰ ਚੁਣਿਆ ਗਿਆ।

ਅਧਿਆਪਕਾਂ ਦੀਆਂ ਤਨਖਾਹਾਂ ਜਾਰੀ ਕਰਨ ਦੀ ਮੰਗ

ਸੰਗਰੂਰ, 9 ਜਨਵਰੀ (ਛਾਜਲੀ)-ਸਰਕਾਰੀ ਸਕੂਲਾਂ ਵਿੱਚ ਨਵਾਂ ਨਿਯੁਕਤ ਹੋਏ ਪੀ.ਟੀ.ਆਈ. ਅਧਿਆਪਕ ਵੀ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੁੰਦੇ ਜਾ ਰਹੇ ਹਨ। ਕਿਉਂਕਿ ਸਰਕਾਰ ਵੱਲੋਂ ਪਿਛਲੇ ਪੰਜ ਮਹੀਨਿਆਂ ਤੋਂ ਇਨ੍ਹਾਂ ਨੂੰ ਤਨਖਾਹ ਜਾਰੀ ਨਹੀਂ ਕੀਤੀ ਗਈ। ਪੀ.ਟੀ.ਆਈ. ਅਧਿਆਪਕ ਯੂਨੀਅਨ ਪੰਜਾਬ ਵੱਲੋਂ ਜਾਰੀ ਪ੍ਰੈੱਸ ਨੋਟ ਰਾਹੀਂ ਸੂਬਾ ਪ੍ਰਧਾਨ ਅਮਨਦੀਪ ਸਿੰਘ ਬੱਲ, ਸੂਬਾ ਪ੍ਰੈੱਸ ਤੇ ਵਿਸ਼ੇਸ਼ ਸਕੱਤਰ ਹਰਜੀਤ ਸਿੰਘ ਮੁਲਕਾ, ਸੂਬਾ ਖਜਾਨਚੀ ਹਰਜਿੰਦਰ ਸਿੰਘ ਸੰਗਰੂਰ ਮੀਤ ਪ੍ਰਧਾਨ ਤੇਜਪਾਲ ਸਿੰਘ ਮਾਨਸਾ ਅਤੇ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਕੁਲਵਿੰਦਰ ਸਿੰਘ ਗੋਗਾ ਨੇ ਕਿਹਾ ਹੈ ਕਿ ਪੀ.ਟੀ.ਆਈ ਅਧਿਆਪਕ ਜੁਲਾਈ ਅਤੇ ਅਗਸਤ ਵਿੱਚ ਨਿਯੁਕਤ ਹੋਏ ਸਨ, ਪ੍ਰੰਤ ਅਜੇ ਤੱਕ ਕਈ ਜ਼ਿਲ੍ਹਿਆਂ ਵਿੱਚ ਉਨ੍ਹਾਂ ਨੂੰ ਤਨਖਾਹਾਂ ਜਾਰੀ ਨਹੀਂ ਕੀਤੀਆਂ ਗਈਆਂ। ਇਸ ਲਈ ਸਰਕਾਰ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ।

ਨਾਈਜੇਰੀਆਈ ਤੋਂ 9 ਕਿੱਲੋ ਹੈਰੋਇਨ ਫੜੀ

ਅੰਮ੍ਰਿਤਸਰ, 9 ਜਨਵਰੀ (ਮੋਤਾ ਸਿੰਘ)-ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਸਦਕਾ ਸਪੈਸ਼ਲ ਅਪਰੇਸ਼ਨ ਸੈੱਲ ਅੰਮ੍ਰਿਤਸਰ ਦੇ ਅਧਿਕਾਰੀਆਂ ਨੇ ਨਾਈਜੇਰੀਆ ਵਾਸੀ ਇੱਕ ਕੌਮਾਂਤਰੀ ਸਮਗਲਰ ਨੂੰ ਅੰਮ੍ਰਿਤਸਰ ਰੇਲਵੇ ਸਟੇਸ਼ਨ ਨੇੜਿਓਂ ਗ੍ਰਿਫਤਾਰ ਕਰਕੇ ਉਸ ਦੇ ਕਬਜ਼ੇ ਵਿੱਚੋਂ 9 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਕਈ ਕਰੋੜ ਮੁੱਲ ਦੀ ਹੈਰੋਇਨ ਬਰਾਮਦ ਹੋਣ ਤੇ ਨਾਇਜੇਰੀਆ ਵਾਸੀ ਫਲੈਇਸ ਓਡਮੋਇਲ ਉਰਫ ਸ਼ਾਮ ਨਾਮ ਦੇ ਇਸ ਨਾਗਰਿਕ ਤੋਂ ਪੁਲਿਸ ਜ਼ਬਰਦਸਤ ਪੁੱਛਗਿੱਛ ਕਰ ਰਹੀ ਹੈ ਅਤੇ ਉਸ ਦੇ ਹੋਰ ਕਈ ਸਾਥੀਆਂ ਦੇ ਪਕੜੇ ਜਾਣ ਦੀ ਸੰਭਾਵਨਾ ਹੈ। ਦੱਸਿਆ ਜਾਂਦਾ ਹੈ ਕਿ ਕਰੋੜਾਂ ਰੁਪਏ ਦੇ ਮੁੱਲ ਦਾ ਇਹ ਨਸ਼ੀਲਾ ਪਦਾਰਥ ਉਸ ਨੇ ਦਿੱਲੀ, ਪਹੁੰਚਾਉਣਾ ਸੀ, ਇਹ ਨਾਗਰਿਕ ਵਿਦਿਆਰਥੀ ਵੀਜ਼ਾਂ 'ਤੇ ਭਾਰਤ ਆਇਆ ਸੀ ਅਤੇ 2006 ਵਿੱਚ ਖਤਮ ਹੋ ਚੁੱਕਾ ਹੈ। ਪੁਲਿਸ ਨੇ ਐੱਨ.ਡੀ.ਪੀ. ਐੱਸ. ਐਕਟ ਤਹਿਤ ਉਸ ਵਿਰੁੱਧ ਮੁਕੱਦਮਾ ਦਰਜ ਕੀਤਾ ਹੈ।

ਐਂਟੀ ਕੁਰਪਸ਼ਨ ਤੇ ਮਨੁੱਖੀ ਅਧਿਕਾਰ ਪ੍ਰੋਡਕਸ਼ਨ ਸੰਸਥਾ ਦੀ ਮੀਟਿੰਗ ਆਯੋਜਿਤ

ਅਮਲੋਹ, 9 ਜਨਵਰੀ (ਵਿਪਨ ਬਾਂਸਲ)- ਐਂਟੀ ਕਰੱਪਸ਼ਨ ਤੇ ਮਨੁੱਖੀ ਅਧਿਕਾਰ ਪ੍ਰੋਡਕਸ਼ਨ ਸੰਸਥਾ ਦੀ ਇਕ ਮੀਟਿੰਗ ਇਥੇ ਸ੍ਰੀ ਐਸ.ਐਸ. ਧੀਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਬਲਾਕ ਸੰਮਤੀ ਅਮਲੋਹ ਦੇ ਸਾਬਕਾ ਚੇਅਰਮੈਨ ਦਿਲਬਾਗ ਸਿੰਘ ਭਾਂਬਰੀ ਨੂੰ ਜਿਲ੍ਹਾ ਫਤਿਹਗੜ੍ਹ ਸਾਹਿਬ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ। ਇਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਜਨਰਲ ਸੈਕਟਰੀ ਭਾਦਸੋਂ ਡਾ. ਪ੍ਰੀਤ, ਹਰਬੰਸ ਸਿੰਘ ਅਮਰਗੜ੍ਹ, ਰਣਜੀਤ ਸੰਘਿ ਬੈਣੀ, ਕੁਲਵੀਰ ਸਿੰਘ ਕੋਲਗੜ੍ਹ, ਧਰਮਿੰਦਰ ਸਿੰਘ ਬੋਨੀ ਭਾਂਬਰੀ ਆਦਿ ਨੇ ਵਿਚਾਰ ਪੇਸ਼ ਕੀਤੇ। ਮੀਟਿੰਗ ਵਿਚ ਕਾਂਗਰਸ ਪਾਰਟੀ ਨੂੰ ਹੋਰ ਵਧੇਰੇ ਮਜ਼ਬੂਤ ਕਰਨ ਲਈ ਪਿੰਡ ਪੱਧਰ ਤੱਕ ਵਰਕਰਾਂ ਨਾਲ ਤਾਲਮੇਲ ਕਰਨ ਦਾ ਫੈਸਲਾ ਕੀਤਾ ਗਿਆ।

ਪਰਮਿੰਦਰ ਸਿੰਘ ਗਿੱਲ ਨੂੰ ਸਰਬਸੰਮਤੀ ਨਾਲ ਪੰਜਾਬ ਵੈਲਫੇਅਰ ਆਫ਼ਿਸਰਜ਼ ਐਸੋਸੀਏਸ਼ਨ ਦਾ ਪ੍ਰਧਾਨ ਚੁਣਿਆ

ਮੋਹਾਲੀ, 9 ਜਨਵਰੀ (ਵੀਨਾ ਰਾਜਪੂਤ) ਪੰਜਾਬ ਵੈਲਫੇਅਰ ਆਫ਼ਿਸਰਜ਼ ਐਸੋਸੀਏਸ਼ਨ ਦੀ ਮੀਟਿੰਗ ਐਸ.ਏ.ਐਸ.ਨਗਰ (ਮੋਹਾਲੀ ਵਿਖੇ) ਸ੍ਰ: ਜਸਵਿੰਦਰ ਸਿੰਘ ਗਿੱਲ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਪੰਜਾਬ ਬਾਡੀ ਭੰਗ ਕਰਕੇ ਨਵੀਂ ਚੋਣ ਕੀਤੀ ਗਈ ਅਤੇ ਸਰਬਸੰਮਤੀ ਨਾਲ ਜ਼ਿਲ੍ਹਾ ਭਲਾਈ ਅਫ਼ਸਰ ਸੰਗਰੂਰ ਸ੍ਰ:ਪਰਮਿੰਦਰ ਸਿੰਘ ਗਿੱਲ ਨੂੰ ਐਸੋਸੀਏਸ਼ਨ ਦਾ ਪ੍ਰਧਾਨ ਚੁਣਿਆ ਗਿਆ । ਇਸ ਮੀਟਿੰਗ ਵਿੱਚ ਸ੍ਰ: ਪੀਤਮ ਸਿੰਘ ਜਿਲ੍ਹਾ ਭਲਾਈ ਅਫ਼ਸਰ ਸ੍ਰੀ ਜਸਵੀਰ ਸਿੰਘ ਢਿਲੋਂ, ਸ੍ਰੀ ਲਖਵਿੰਦਰ ਸਿੰਘ ਮੁਲਤਾਨੀ, ਸ੍ਰੀ ਬਲਵਿੰਦਰ ਸਿੰਘ , ਸ੍ਰੀ ਦਰਸ਼ਨ ਕੁਮਾਰ, ਸ੍ਰੀ ਗੁਰਮੀਤ ਸਿੰਘ ਪਟਿਆਲਾ, ਸ੍ਰੀ ਪਰਮਜੀਤ ਸਿੰਘ , ਸ੍ਰੀ ਰਵਿੰਦਰਪਾਲ ਸਿੰਘ ਸੰਧੂ , ਸ੍ਰੀ ਗੁਰਮੀਤ ਕੜਿਆਲਵੀ , ਸ੍ਰੀ ਸੁੱਖਸਾਗਰ ਸਿੰਘ , ਸ੍ਰੀ ਗੁਰਿੰਦਰਜੀਤ ਸਿੰਘ ਸੁਨਾਮ, ਸ੍ਰੀਮਤੀ ਗਿਆਨ ਕੌਰ, ਸ੍ਰੀਮਤੀ ਕੁਲਵਿੰਦਰ ਕੌਰ , ਸ੍ਰੀ ਹਰਭਜਨ ਸਿੰਘ ਵੜੈਚ , ਸ੍ਰੀ ਕੁਲਦੀਪ ਸਿੰਘ ਮਾਨਸਾ, ਸ੍ਰੀ ਕੁਲਵੰਤ ਸਿੰਘ ਸੰਧੂ, ਸ੍ਰੀ ਬਰਿੰਦਰ ਸਿੰਘ ਅਬੋਹਰ , ਸ੍ਰੀ ਸੰਜੀਵ ਕੁਮਾਰ ਮੰਨਣ ਆਦਿ ਜ਼ਿਲ੍ਹਾ ਭਲਾਈ ਅਫ਼ਸਰ ਅਤੇ ਤਹਿਸ਼ੀਲ ਭਲਾਈ ਅਫ਼ਸਰ ਸਾਮਿਲ ਸਨ।

ਗਣਤੰਤਰ ਦਿਵਸ ਨੂੰ ਮਨਾਉਣ ਦੀਆਂ ਤਿਆਰੀਆਂ ਸੰਬੰਧੀ ਮੀਟਿੰਗ

ਫਿਰੋਜ਼ਪੁਰ, 9 ਜਨਵਰੀ (ਕਾਲੜਾ) ਗਣਤੰਤਰ ਦਿਵਸ ਦਾ ਸ਼ੁਭ ਦਿਹਾੜਾ ਦੇਸ਼ ਭਗਤੀ ਦੀ ਭਾਵਨਾ ਨਾਲ ਮਨਾਉਣ ਦੇ ਲਈ ਸਮੂਹ ਵਿਭਾਗਾਂ ਦੇ ਅਧਿਕਾਰੀ ਮਿਹਨਤ ਅਤੇ ਲਗਨ ਨਾਲ ਇਸ ਵਿੱਚ ਆਪਣਾ ਯੋਗਦਾਨ ਪਾਉਣ। ਇਹ ਵਿਚਾਰ ਸ੍ਰੀ ਕਮਲ ਕਿਸ਼ੋਰ ਯਾਦਵ ਡਿਪਟੀ ਕਮਿਸ਼ਨਰ, ਫਿਰੋਜ਼ਪੁਰ ਨੇ ਗਣਤੰਤਰ ਦਿਵਸ ਮਨਾਉਣ ਦੇ ਲਈ ਲੋੜੀਂਦੇ ਪ੍ਰਬੰਧ ਕਰਨ ਦੇ ਲਈ ਜਿਲ੍ਹਾ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕੀਤੇ ਹਨ। ਗਣਤੰਤਰ ਦਿਵਸ ਨੂੰ ਮਨਾਉਣ ਦੇ ਲਈ ਜਿਲ੍ਹਾ ਅਧਿਕਾਰੀਆਂ ਦੀ ਇੱਕ ਵਿਸ਼ੇਸ਼ ਮੀਟਿੰਗ ਡਾ. ਬਸੰਤ ਗਰਗ ਐਡੀ. ਡਿਪਟੀ ਕਮਿਸ਼ਨਰ (ਵਿ) ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਸ੍ਰ. ਜਸਕਿਰਨ ਸਿੰਘ ਐਡੀ, ਡਿਪਟੀ ਕਮਿਸ਼ਨਰ, ਸ੍ਰ. ਬਲਜੀਤ ਸਿੰਘ ਜਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਤੋਂ ਇਲਾਵਾ ਸਮੂਹ ਵਿਭਾਗਾਂ ਦੇ ਮੁੱਖੀਆਂ ਨੇ ਭਾਗ ਲਿਆ। ਗਣਤੰਤਰ ਦਿਵਸ ਨੂੰ ਸੁਚੱਜੇ ਢੰਗ ਨਾਲ ਮਨਾਉਣ ਦੇ ਲਈ ਜਿਲ੍ਹਾ ਅਧਿਕਾਰੀਆਂ ਦੀ ਪ੍ਰਧਾਨਗੀ ਹੇਠ ਵੱਖ-ਵੱਖ ਕਮੇਟੀਆਂ ਦਾ ਗਠਨ ਕੀਤਾ ਗਿਆ। ਸ੍ਰ. ਜਸਕਿਰਨ ਸਿੰਘ ਇਸ ਮੌਕੇ 'ਤੇ ਦੱਸਿਆ ਕਿ ਗਣਤੰਤਰ ਦਿਵਸ 26 ਜਨਵਰੀ ਦਾ ਦਿਹਾੜਾ ਸ਼ਹੀਦ ਭਗਤ ਸਿੰਘ ਸਟੇਡੀਅਮ ਫਿਰੋਜ਼ਪੁਰ ਵਿਖੇ ਮਨਾਇਆ ਜਾਵੇਗਾ। ਗਣਤੰਤਰ ਦਿਵਸ ਦੇ ਸਮਾਰੋਹ ਵਿੱਚ ਪੰਜਾਬ ਪੁਲਿਸ ਅਤੇ ਅਰਧ ਸੈਨਿਕ ਦਸਤਿਆਂ ਵੱਲੋਂ ਮਾਰਚ-ਪਾਸਟ, ਵੱਖ-ਵੱਖ ਸਕੂਲਾਂ ਦੇ ਬੱਚਿਆਂ ਵੱਲੋਂ ਪੀ. ਟੀ. ਸ਼ੋਅ ਅਤੇ ਦੇਸ਼ ਭਗਤੀ ਨੂੰ ਦਰਸਾਉਂਦਾ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਮੁੱਖ ਮਹਿਮਾਨ ਵੱਲੋਂ ਕੌਮੀ ਝੰਡਾ ਲਹਿਰਾਉਣ ਤੋਂ ਬਾਅਦ ਮਾਰਚ-ਪਾਸਟ ਤੋਂ ਸਲਾਮੀ ਲਈ ਜਾਵੇਗੀ।

ਅਹੁਦਾ ਸੰਭਾਲਿਆ

ਬਲਾਚੌਰ, 9 ਜਨਵਰੀ (ਪੱਤਰ ਪ੍ਰੇਰਕ) ਸ੍ਰੀ ਪ੍ਰਦੀਪ ਕੁਮਾਰ ਅਗਰਵਾਲ ਆਈ. ਏ. ਐਸ. ਨੇ ਉਪ-ਮੰਡਲ ਮਜਿਸਟਰੇਟ ਬਲਾਚੌਰ ਬਤੌਰ ਚਾਰਜ ਸੰਭਾਲ ਕੇ ਦਫ਼ਤਰੀ ਤੇ ਫੀਲਡ ਦਾ ਕੰਮਕਾਜ ਕਰਨਾ ਸ਼ੁਰੂ ਕਰ ਦਿੱਤਾ ਹੈ। ਇੱਥੋਂ ਦੇ ਉਪ-ਮੰਡਲ ਮੈਜਿਸਟਰੇਟ ਸ. ਨਰਿੰਦਰ ਸਿੰਘ ਬਾਠ ਨੇ ਸਰਕਾਰੀ ਹੁਕਮਾਂ ਅਨੁਸਾਰ ਵਧੀਕ ਡਿਪਟੀ ਕਮਿਸ਼ਨਰ (ਜਨਰਲ ਅਤੇ ਵਿਕਾਸ) ਵਜੋਂ ਆਪਣਾ ਅਹੁਦਾ ਮਿਤੀ 4 ਜਨਵਰੀ ਨੂੰ ਸ਼ਹੀਦ ਭਗਤ ਸਿੰਘ ਨਗਰ ਵਿਖੇ ਸੰਭਾਲਣ ਕਰਕੇ ਇਹ ਪੋਸਟ ਖਾਲੀ ਸੀ।

ਧਾਰਮਿਕ ਸਮਾਗਮ ਦਾ ਆਯੋਜਨ

ਫਗਵਾੜਾ, 9 ਜਨਵਰੀ (ਕਮਲ ਰਾਏ) ਗੁਰੂ ਹਰਕ੍ਰਿਸ਼ਨ ਨਗਰ ਵੈਲਫੇਅਰ ਡਿਵੈਲਪਮੈਂਟ ਸੁਸਾਇਟੀ ਵੱਲੋਂ ਨਵੇਂ ਸਾਲ ਦੇ ਸਵਾਗਤ ਲਈ ਹਰ ਸਾਲ ਦੀ ਤਰ੍ਹਾਂ ਇੱਕ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਪਹੁੰਚੇ ਵਾਰਡ ਕੌਂਸਲਰ ਦਵਿੰਦਰ ਸਪਰਾ ਨੇ ਕਿਹਾ ਕਿ ਬਸਰਾ ਪੈਲੇਸ ਚੌਂਕ ਵਿੱਚ ਛੇਤੀ ਹੀ ਬੱਸ ਸਟਾਪ ਦਾ ਨਿਰਮਾਣ ਕਰਵਾਇਆ ਜਾਵੇਗਾ ਤਾਂ ਜੋ ਇਲਾਕੇ ਦੇ ਲੋਕਾਂ ਨੂੰ ਨਵਾਂ ਸ਼ਹਿਰ, ਚੰਡੀਗੜ੍ਹ ਜਾਂ ਗੜ੍ਹਸ਼ੰਕਰ ਵੱਲ ਜਾਣ ਲਈ ਬੱਸ ਅਡੇ ਵੱਲ ਨਾ ਜਾਣਾ ਪਵੇ। ਉਹਨਾਂ ਕਿਹਾ ਕਿ ਸੁਸਾਇਟੀ ਦੇ ਸਹਿਯੋਗ ਨਾਲ ਇਲਾਕੇ ਦੇ ਅਧੂਰੇ ਵਿਕਾਸ ਕਾਰਜ ਲੱਗਭੱਗ ਪੂਰੇ ਹੋ ਚੁੱਕੇ ਹਨ ਤੇ ਗੁਰੂ ਹਰਕ੍ਰਿਸ਼ਨ ਨਗਰ ਦੀ ਮੁੱਖ ਸੜਕ ਦਾ ਨਿਰਮਾਣ ਵੀ ਨੇੜਲੇ ਭਵਿੱਖ ਵਿੱਚ ਹੋ ਜਾਵੇਗਾ। ਸਪਰਾ ਨੇ ਦੱਸਿਆ ਕਿ ਬੰਗਾ ਰੋਡ 'ਤੇ ਲੰਗਰ ਹਾਲ ਨੇੜੇ ਚੁੰਗੀ ਤੱਕ ਸੀਵਰੇਜ ਦਾ ਵੱਡਾ ਪਾਈਪ ਪਾਉਣ ਦਾ ਪਪੋਜਲ ਸੀਵਰੇਜ ਬੋਰਡ ਨੂੰ ਭੇਜ ਦਿੱਤਾ ਗਿਆ ਹੈ। ਸਮਾਗਮ ਮੌਕੇ ਸੁਸਾਇਟੀ ਦੇ ਪ੍ਰਧਾਨ ਪਤਵਿੰਦਰ ਸਿੰਘ ਛਾਬੜਾ, ਸੂਬੇਦਾਰ ਜੋਰਾ ਸਿੰਘ, ਸਰਵਨ ਬੱਧਨ, ਰੇਸ਼ਮ ਮਿਸਤਰੀ, ਰਾਮ ਲੁਭਾਇਆ, ਸਾਧੂ ਸਿੰਘ, ਕੁਲਵੰਤ ਸਿੰਘ, ਅਸ਼ੋਕ ਕੁਮਾਰ ਆਦਿ ਹਾਜ਼ਰ ਸਨ।

ਟ੍ਰੈਫਿਕ ਹਫਤਾ ਮਨਾਇਆ ਜਾਵੇਗਾ

ਖਨੌਰੀ, 9 ਜਨਵਰੀ (ਪੱਤਰ ਪ੍ਰੇਰਕ)-ਐੱਸ.ਐੱਸ.ਪੀ. ਦੀ ਹਦਾਇਤਾਂ ਅਨੁਸਾਰ ਥਾਣਾ ਖਨੌਰੀ ਦੇ ਮੁਖੀ ਸ੍ਰ. ਸਤਨਾਮ ਸਿੰਘ ਵਿਰਕ ਨੇ ਸਹਾਰਾ ਚੈਰੀਟੇਬਲ ਟਰੱਸਟ ਖਨੌਰੀ ਦੇ ਪ੍ਰਧਾਨ ਸ੍ਰੀ ਆਸ਼ੋਕ ਕੁਮਾਰ ਗੋਇਲ ਅਤੇ ਨਗਰ ਪੰਚਾਇਤ ਦੇ ਪ੍ਰਧਾਨ ਸਤਿਗੁਰੂ ਬਾਂਗੜ ਦੇ ਸਹਿਯੋਗ ਨਾਲ ਟ੍ਰੈਫਿਕ ਹਫਤਾ ਮਨਾਇਆ ਜਾ ਰਿਹਾ ਹੈ। ਸ੍ਰ. ਸਤਨਾਮ ਸਿੰਘ ਵਿਰਕ ਐੱਸ.ਐੱਚ.ਓ. ਖਨੌਰੀ ਦੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਅੰਦਰ ਪੈ ਰਹੀ ਸੰਘਣੀ ਧੁੰਦ ਅਤੇ ਹਨ੍ਹੇਰੇ ਕਾਰਨ ਵਾਪਰਨ ਵਾਲੇ ਹਾਦਸਿਆਂ ਤੋਂ ਬਚਾਅ ਕਰਨ ਲਈ ਟ੍ਰੈਫਿਕ ਸਪਤਾਹ ਮਨਾਇਆ ਜਾ ਰਿਹਾ ਹੈ. ਸ੍ਰ. ਸਤਨਾਮ ਸਿੰਘ ਵਿਰਕ ਐੱਸ.ਐੱਸ.ਓ. ਦੀ ਅਗਵਾਈ ਹੇਠ ਨਗਰ ਪੰਚਾਇਤ ਦੇ ਪ੍ਰਧਾਨ ਸ੍ਰੀ ਸਤਿਗੁਰੂ ਬਾਂਗੜ ਅਤੇ ਅਸ਼ੋਕ ਕੁਮਾਰ ਗੋਇਲ ਪ੍ਰਧਾਨ ਸਹਾਰਾ ਚੈਰੀਟੇਬਲ ਨੇ ਖਨੌਰੀ ਵਿਖੇ ਸਤਿਸੰਗ ਘਰ ਦੇ ਅੱਗੇ ਵਾਹਨਾਂ ਨੂੰ ਰੋਕ ਕੇ ਰਿਫਲੈਕਟਰ ਲਗਾਉਣ ਦੀ ਮੁਹਿੰਮ ਦਾ ਉਦਘਾਟਨ ਕਰਦਿਆਂ ਕਿਹਾ ਕਿ ਸਫਰ ਦੌਰਾਨ ਸਾਹਮਣੇ ਤੋਂ ਪੈਂਦੀਆਂ ਤੇਜ਼ ਰੋਸ਼ਨੀਆਂ ਕਾਰਨ ਰੇਹੜੇ, ਟਰਾਲੀਆਂ ਅਤੇ ਅਜਿਹੇ ਹੋਰ ਵਾਹਰਨ ਦਿਖਾਈ ਨਹੀਂ ਦਿੰਦੇ, ਜੋ ਕਿ ਕਈ ਤਰ੍ਹਾਂ ਦੇ ਹਾਦਸਿਆਂ ਦਾ ਕਾਰਨ ਬਣਦੇ ਹਨ। ਸ੍ਰ. ਸਤਨਾਮ ਸਿੰਘ ਵਿਰਕ ਨੇ ਕਿਹਾ ਕਿ ਸੜਕ ਹਾਦਸਿਆਂ ਨੂੰ ਰੋਕਣ ਲਈ ਹਰੇਕ ਵਿਅਕਤੀ ਨੂੰ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।

ਅੰਤਰਰਾਸ਼ਟਰੀ ਖੇਡਾਂ 'ਚ ਜਿੱਤੀ ਭਾਰਤ ਦੀ ਟੀਮ

ਜ਼ੀਰਾ, 9 ਜਨਵਰੀ (ਪ.ਪ.)-ਨੇਪਾਲ ਵਿਚ ਕਰਵਾਈਆਂ ਗਈਆਂ ਅੰਤਰ ਰਾਸ਼ਟਰੀ ਖੇਡਾਂ ਦੌਰਾਨ ਟੈਨਿਸ ਬਾਲ ਕ੍ਰਿਕੇਟ ਵਿਚ ਪੈਰਾਡਾਈਜ ਪਬਲਿਕ ਸਕੂਲ ਜ਼ੀਰਾ ਦੀ ਵਿਦਿਆਰਥਣ ਸਰਬਜੀਤ ਕੌਰ ਨੇ ਭਾਰਤ ਦੀ ਟੀਮ ਦੀ ਕਪਤਾਨੀ ਕਰਦਿਆਂ ਵਧੀਆ ਪ੍ਰਦਰਸ਼ਨ ਕੀਤਾ ਅਤੇ ਜਿੱਤ ਦਰਜ ਕਰਵਾਈ, ਜਿਸ ਸਬੰਧੀ ਉਕਤ ਖਿਡਾਰਣ ਸਰਬਜੀਤ ਕੌਰ ਨੂੰ ਵਧੀਆ ਖਿਡਾਰੀ ਵਜੋਂ ਵੀ ਸਨਮਾਨਿਆ ਗਿਆ। ਇਸ ਸਬੰਧੀ ਸਕੂਲ ਦੇ ਚੇਅਰਮੈਨ ਡਾ: ਹਰਜੀਤ ਸਿੰਘ ਅਤੇ ਡੀ.ਪੀ.ਈ. ਗੁਰਚਰਨ ਸਿੰਘ ਨੇ ਦੱਸਿਆ ਕਿ ਉਕਤ ਖਿਡਾਰਣ ਬੜੀ ਹੋਣਹਾਰ ਹੈ।

ਟ੍ਰੈਫਿਕ ਨਿਯਮਾਂ ਦੀ ਪਾਲਣਾ ਸਭ ਤੋਂ ਜ਼ਰੂਰੀ-ਮੁਖਤਿਆਰ ਸਿੰਘ

ਤਪਾ ਮੰਡੀ. 9 ਜਨਵਰੀ (ਯਾਦੂ ਭੁੱਲਰ) ਸਥਾਨਿਕ ਪੁਲਿਸ ਥਾਣਾ ਵਿਖੇ ਡੀ.ਐਸ.ਪੀ. ਮੁਖਤਿਆਰ ਸਿੰਘ ਦੀ ਅਗਵਾਈ ਹੇਠ ਟ੍ਰੈਫਿਕ ਦਿਹਾੜੇ ਸਮੇਂ ਸਥਾਨਿਕ ਸਕੂਲਾਂ, ਟੈਕਸੀ ਨੇੜਲੇ ਪਿੰਡਾਂ ਦੇ ਕਿਸਾਨਾਂ ਨਾਲ ਮੀਟਿੰਗ ਕੀਤੀ ਗਈ, ਜਿਸ ਵਿੱਚ ਨੇੜਲੇ ਪਿੰਡਾਂ ਦੇ ਸਕੂਲ ਪ੍ਰਿੰਸੀਪਲ, ਨਿੱਜੀ ਪ੍ਰਬੰਧਕਾਂ ਨੇ ਹਿੱਸਾ ਲਿਆ। ਇਸ ਟ੍ਰੈਫਿਕ ਦਿਹਾੜੇ ਸਬੰਧੀ ਵੱਖ-ਵੱਖ ਬੁਲਾਰਿਆਂ ਨੇ ਆਪੋ-ਆਪਣੇ ਵਿਚਾਰ ਰੱਖੇ, ਜਿਸ ਉਪਰੰਤ ਸੰਬੋਧਿਨ ਕਰਦਿਆਂ ਡੀ.ਐਸ.ਪੀ. ਮੁਖਤਿਆਰ ਸਿੰਘ ਨੇ ਕਿਹਾ ਕਿ ਟ੍ਰੈਫਿਕ ਨਿਯਮਾਂ ਦੀ ਪਾਲਣਾ ਸਭ ਤੋਂ ਜਰੂਰੀ ਹੈ, ਕਿਉਂਕਿ ਅੱਜ ਸੜਕ ਹਾਦਸਿਆਂ ਵਿੱਚ ਵੱਡੀ ਪੱਧਰ 'ਤੇ ਲੋਕ ਹਾਦਸਾਹਕਸ਼ਤ ਹੋ ਰਹੇ ਹਨ ਜੋ ਇੱਕ ਚਿੰਤਾ ਦਾ ਵਿਸ਼ਾ ਹੈ। ਉਹਨਾਂ ਡਰਾਇਵਰਾਂ, ਕੰਡਕਟਰਾਂ ਅਤੇ ਸਕੂਲਾਂ ਦੇ ਪ੍ਰਬੰਧਕਾਂ ਨੂੰ ਤਕਰੀਮ ਸਮੇਤ ਸਮਝਾਇਆ ਕਿ ਇਸ ਤਰ੍ਹਾਂ ਖੁਦ ਅਤੇ ਸਾਹਮਣੇ ਆ ਰਹੇ ਵਾਹਨ ਨੂੰ ਸੁਰੱਖਿਅਤ ਰੱਖਿਆ ਜਾ ਸਕਦਾ ਹੈ। ਉਹ ਨਸ਼ਿਆ ਦੇ ਸੇਵਕ ਤੋਂ ਬਗੈਰ ਡਰਾਇੰਗ ਕਰਨ ਨੂੰ ਪਹਿਲ ਦਿੱਤੀ ਕਿਉਂਕਿ ਨਸ਼ਾ ਜਿੱਥੇ ਭੈੜੀ ਆਦਤ ਹੈ ਉੱਥੇ ਇਸ ਨਾਲ ਡਰਾਇਵਿੰਗ ਕਰਨ ਉਪਰੰਤ ਕੁਝ ਅਜਿਹਾ ਹਾਦਸਾ ਵੀ ਵਾਪਰ ਜਾਂਦਾ ਹੈ. ਜਿਸ ਨੂੰ ਭੁਲਾਇਆ ਨਹੀਂ ਭੁੱਲਿਆ ਜਾ ਸਕਦਾ, ਉਹਨਾਂ ਟੈਕਸੀ ਯੂਨੀਅਨ ਦੇ ਮੈਂਬਰਾਂ ਨੂੰ ਵੀ ਨਿੱਤ ਅਪਰਾਧੀ ਕਿਸਮ ਦੇ ਵਿਅਕਤੀਆਂ ਵੱਲੋਂ ਕੀਤੇ-ਕਰਾਏ ਉੱਪਰ ਲਿਜਾ ਕੇ ਟੈਕਸੀਆਂ ਵਾਲਿਆਂ ਦੀ ਹੱਤਿਆ, ਲੁੱਟ-ਖੋਹ ਜਾਂ ਜ਼ਖਮੀ ਰਹਿਣ ਦੀ ਜੋ ਹਾਦਸੇ ਸਾਹਮਣੇ ਆਉਂਦੇ ਹਨ। ਉਹਨਾਂ ਹਾਦਸਿਆਂ ਤੋਂ ਬਚਣ ਲਈ ਸੁਝਾਅ ਦਿੱਤੇ. ਇਸ ਮੌਕੇ ਥਾਣਾ ਮੁੱਖੀ ਸਤਵਿੰਦਰ ਸਿੰਘ ਵਿਰਕ, ਸਿਟੀ ਇੰਚਾਰਜ ਬਲਵਿੰਦਰ ਸਿੰਘ, ਜਸਵੰਤ ਸਿੰਘ ਕੁੰਦੀ ਰੀਡਰ, ਮੁੱਖ ਮੁਨਸ਼ੀ ਚਤਰ ਸਿੰਘ, ਕੁਲਵੰਤ ਸਿੰਘ ਬੋਘਾ ਪ੍ਰਧਾਨ ਟਰੱਕ ਯੂਨੀਅਨ, ਜਸਵੀਰ ਸਿੰਘ ਧੰਮੀ ਪ੍ਰਧਾਨ ਨਗਰ ਕੌਂਸਲ, ਗੁਰਜੰਟ ਸਿੰਘ ਮਾਨ, ਆਦਿ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਵਿਅਕਤੀ ਹਾਜ਼ਿਰ ਸਨ। ਇਸ ਤੋਂ ਬਾਅਦ ਸੜਕ ਉੱਪਰ ਆਉਂਦੇ-ਜਾਂਦੇ ਵਾਹਨਾਂ ਵੱਡੀ ਪੱਧਰ 'ਤੇ ਰਿਟਲੈਕਟਰ ਵੀ ਲਗਾਏ।

ਆਖੰਡ ਪਾਠ ਸਾਹਿਬ ਦੇ ਭੋਗ ਪਾਏ

ਕੌਂਸਲਰ ਕੁਲਦੀਪ ਕੌਰ ਆਏ ਮਹਿਮਾਨਾਂ ਨੂੰ ਸਨਮਾਨਿਤ ਕਰਦੀ ਹੋਈ। ਫੋਟੋ - ਪ੍ਰਦੀਪ ਸਿੰਘ

ਫਤਿਹਗੜ੍ਹ ਸਾਹਿਬ, 9 ਜਨਵਰੀ (ਪਰਦੀਪ ਸਿੰਘ) : ਸਾਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਿਖਾਏ ਮਾਰਗ ਤੇ ਚਲਦੇ ਹੋਏ ਆਪਣਾ ਜੀਵਨ ਸਮਾਜ ਸੇਵਾ ਅਤੇ ਧਾਰਮਿਕ ਕੰਮਾਂ ਵਿੱਚ ਲਗਾਉਣਾ ਚਾਹੀਦਾ। ਧਰਤੀ ਤੇ ਵੱਧ ਰਹੇ ਪਾਪ ਦੇ ਕਾਰਨ ਕੁਦਰਤੀ ਕਰੋਪੀਆਂ ਵਿੱਚ ਵਾਧਾ ਹੋ ਰਿਹਾ ਹੈ। ਪ੍ਰਮਾਤਮਾ ਨੂੰ ਕੇਵਲ ਭਗਤੀ ਨਾਲ ਹੀ ਪਾਇਆ ਜਾ ਸਕਦਾ ਹੈ ਇਸ ਲਈ ਸੰਤਾਂ ਦੀ ਸੰਗਤ ਕਰਨੀ ਚਾਹੀਦੀ। ਇਹ ਪ੍ਰਗਟਾਵਾ ਨਗਰ ਕੌਂਸਲ ਸਰਹਿੰਦ ਦੇ ਮੀਤ ਪ੍ਰਧਾਨ ਤਰਲੋਕ ਸਿੰਘ ਬਾਜਵਾ ਅਤੇ ਭਾਜਪਾ ਦੇ ਸੀਨੀਅਰ ਆਗੂ ਸੁਰੇਸ਼ ਸ਼ਰਮਾਂ ਨੇ ਵਾਰਡ ਨੰਬਰ 16 ਆਦਰਸ਼ ਨਗਰ ਹਮਾਯੂੰਪੁਰ ਦੇ ਗੁਰੂਦੁਆਰਾ ਸਾਹਿਬ ਵਿਖੇ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਕੀਤਾ। ਉਥੇ ਸਮਾਜ ਸੇਵਕ ਗੁਰਪ੍ਰੀਤ ਸਿੰਘ ਲਾਲੀ ਨੇ ਦੱਸਿਆ ਕਿ ਹਰ ਸਾਲ ਇਸ ਦਿਹਾੜੇ ਤੇ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਉਂਦੇ ਹਨ ਅਤੇ ਲੰਗਰ ਲਗਾਉਂਦੇ ਹਨ। ਵਾਰਡ ਦੀ ਕੌਸਲਰ ਕੁਲਦੀਪ ਕੌਰ ਨੇ ਆਏ ਮਹਿਮਾਨਾਂ ਦਾ ਸਿਰੋਪੇ ਭੇਂਟ ਕਰਕੇ ਸਨਮਾਨ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਮਹਿੰਦਰ ਸਿੰਘ ਨੇ ਨਿਭਾਈ। ਇਸ ਮੌਕੇ ਅਜੈਬ ਸਿੰਘ , ਗੁਲਸ਼ਨ ਰਾਏ ਬੌਬੀ , ਪਵਨ ਕੁਮਾਰ ਸਾਰੇ ਕੌਂਸਲਰ, ਮਹਿੰਦਰ ਸਿੰਘ ਮਾਨ, ਭਗਤ ਰਾਮ, ਪਰਮਿੰਦਰ ਸਿੰਘ ਅਤੇ ਹੋਰ ਹਾਜਰ ਸਨ।

ਅਧਿਆਪਕਾਂ ਨੂੰ ਤਰੱਕੀ ਦਿੱਤੀ

ਨੂਰਪੁਰ ਬੇਦੀ, 9 ਜਨਵਰੀ (ਪੱਤਰ ਪ੍ਰੇਰਕ)-ਜ਼ਿਲ੍ਹਾ ਰੂਪਨਗਰ ਦੇ ਸਿੱਖਿਆ ਵਿਭਾਗ ਸਕੂਲਜ਼ ਨੇ ਜੇ.ਬੀ.ਟੀ. ਅਧਿਆਪਕਾ ਨੂੰ 10300-34900 ਰੁਪਏ ਦੇ ਗਰੇਡ ਵਿੱਚ ਮਿਸਟ੍ਰੈੱਸ ਵਜੋਂ ਤਰੱਕੀ ਦਿੱਤੀ ਹੈ। ਇਨ੍ਹਾਂ ਅਧਿਆਪਕਾਂ ਵੱਜੋਂ ਤਰੱਕੀ ਪ੍ਰਾਪਤ ਕਰਨ ਵਾਲਿਆਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਧਨੌਰੀ, ਵਿਨੋਦ ਕੁਮਾਰ ਮਾਜਰਾ, ਕੁਲਦੀਪ ਸਿੰਘ ਸ਼ੇਰਗਿੱਲ, ਝਾਂਡੀਆਂ, ਅਨਿਲ ਕੁਮਾਰ ਰਾਮਪੁਰ ਬੇਟ, ਭੀਮ ਸੇਨ ਮਾਧੋਪੁਰ, ਧਨਰਾਜ ਸਿੰਘ, ਕਰਤਾਰਪੁਰ ਸਰਬਜੀਤ ਸਿੰਘ ਡੂਮਛੇੜੀ ਤੋਂ ਜਸਵਿੰਦਰ ਸਿੰਘ ਮੈਦਾਮਾਜਰਾ ਤੋਂ, ਪਰਵਿੰਦਰ ਵਸ਼ਿਸ਼ਟ ਘਨੌਲੀ ਤੋਂ ਅਤੇ ਦਵਿੰਦਰ ਲਾਲ ਪੁਰ ਤੋਂ, ਗੁਰਮੀਤ ਕੌਰ, ਜਗਵੀਰ ਸਿੰਘ ਆਦਿ 12 ਅਧਿਆਪਕ ਸ਼ਾਮਲ ਹਨ। ਪੰਜਾਬੀ ਮਾਸਟਰ ਵਜੋਂ ਤਰੱਕੀ ਪ੍ਰਾਪਤ ਕਰਨ ਵਾਲਿਆਂ ਵਿੱਚ ਅਰਜਨ ਸਿੰਘ, ਨੂਰਪੁਰ ਬੇਦੀ ਤੋਂ ਨਾਨਕ ਦਾਸ ਕਾਂਗੜ ਤੋਂ ਦੋ ਅਧਿਆਪਕ ਸ਼ਾਮਲ ਹਨ, ਔਰਤਾਂ ਦੇ ਵਰਗਾਂ ਵਿੱਚ ਸ.ਸ. ਮਿਸਟ੍ਰੈੱਸ ਵਜੋਂ ਤਰੱਕੀ ਕਰਨ ਵਾਲੀਆਂ ਔਰਤਾਂ ਵਿੱਚ ਸੁਸ਼ਮਾ ਦੇਵੀ ਗੰਭੀਰਪੁਰ ਤੋਂ, ਨਵਪ੍ਰੀਤ ਕੌਰ ਖਾਂਬੜਾ ਤੋਂ, ਰਵਿੰਦਰ ਕੌਰ ਸਮੀਰੋਵਾਲ ਤੋਂ, ਸਮਨਦੀਪ ਕੌਰ ਬਬਾਨੀ ਕਲਾਂ ਤੋਂ, ਨੀਲਮ ਮੈਦਾਮਾਜਰਾ ਤੋਂ, ਸਿਮਰਜੀਤ ਕੌਰ, ਚਤਾਮਾਨਾ ਤੋਂ ਪੰਜਾਬੀ ਮਿਸਟ੍ਰੈੱਸ ਵਜੋਂ ਹਰਪ੍ਰੀਤ ਕੌਂ ਮਾਜਰੀ ਟਿੱਬੀਆਂ ਸ਼ਾਮਲ ਹਨ। ਹਿੰਦੀ ਮਿਸਟ੍ਰੈੱਸ ਵਜੋਂ ਤਰੱਕੀ ਪ੍ਰਾਪਤ ਕਰਨ ਵਾਲੇ ਵਿੱਚ ਸੀਮਾ ਜੱਸਲ ਥੱਪਲ ਸਕੂਲ ਤੋਂ ਸ਼ਾਮਲ ਹਨ। ਭਰੋਸੇਯੋਗ ਸੂਤਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਅਧਿਆਪਕਾਂ ਨੂੰ ਇਨ੍ਹਾਂ ਦੇ ਨਵੇਂ ਤਾਇਨਾਤੀ ਸਟੇਸ਼ਨ ਇੱਕ ਜਾਂ ਦੋ ਦਿਨਾਂ ਵਿੱਚ ਅਲਾਟ ਕੀਤੇ ਜਾਣਗੇ। ਇਨ੍ਹਾਂ ਜੇ.ਬੀ.ਟੀ. ਅਧਿਆਪਕਾਂ ਦੀ ਤਰੱਕੀ ਦੇ ਹੁਕਮ ਡੀ.ਪੀ.ਆਈ. ਸਕੂਲ ਦੇ ਹੁਕਮ ਅਨੁਸਾਰ ਕੀਤੇ ਗਏ ਹਨ।

ਰਜਿਸਟਰੇਸ਼ਨਾਂ ਬੰਦ ਕਰਨ ਦੀ ਨਿਖੇਧੀ

ਸੰਗਰੂਰ, 9 ਜਨਵਰੀ (ਛਾਜਲੀ)-ਪੰਜਾਬ ਰਾਜ ਫਾਰਮੇਸੀ ਕੌਂਸਲ ਵੱਲੋਂ ਫਾਰਮਾਸਿਸਟਾਂ ਦੀਆਂ ਰਜਿਸਟਰੇਸ਼ਨਾਂ ਕਰਨ ਅਤੇ ਰਜਿਸਟਰੇਸ਼ਨਾਂ ਆਉਣ ਅਤੇ ਰੀਸਟੋਰ ਕਰਨ ਸਮੇਂ ਕੀਤੀਆਂ ਜਾ ਰਹੀਆਂ ਖੱਜਲ ਖੁਆਰੀਆਂ ਬੰਦ ਕੀਤੀਆਂ ਜਾਣ। ਉਨ੍ਹਾਂ ਕਿਹਾ ਕਿ ਜੇਕਰ ਇਹ ਖੱਜਲ ਖੁਆਰੀ ਬੰਦ ਨਾ ਹੋਈ ਤਾਂ ਇਸ ਮਾਮਲੇ ਵਿੱਚ ਧਰਨਾ ਦਿੱਤਾ ਜਾਵੇਗਾ ਐਸੋਸੀਏਸ਼ਨ ਦੇ ਸੂਬਾ ਜਨਰਲ ਸਕੱਤਰ ਸ. ਸਵਰਨਜੀਤ ਸਿੰਘ ਨੇ ਦੱਸਿਆ ਕਿ ਫਾਰਮੇਸੀ ਕੌਂਸਲ ਵਿੱਚ ਬੀਤੇ 10 ਮਹੀਨਿਆਂ ਤੋਂ ਫਾਰਮਾਸਿਸਟਾਂ ਦੀਆਂ ਰਜਿਸਟਰੇਸ਼ਨਾਂ ਨਵਿਆਉਣ ਜਾਂ ਰੀਸਟੋਰ ਕਰਨ ਤੇ ਕਈਆਂ ਰਜਿਸਟਰੇਸ਼ਨ ਕਰਨ ਦਾ ਕੰਮ ਬਿਲਕੁਲ ਬੰਦ ਹੈ। ਜਿਸ ਕਾਰਨ ਹਜ਼ਾਰਾਂ ਨੌਜਵਾਨ ਲੜਕੇ-ਲੜਕੀਆਂ ਲਈ ਇਸ ਯੋਗਤਾ ਦੇ ਆਧਾਰ ਤੇ ਨੌਕਰੀ ਪ੍ਰਾਪਤ ਕਰਨ ਜਾਂ ਰੁਜ਼ਗਾਰ ਕਰਨ ਵਿੱਚ ਰੁਕਾਵਟ ਪੈਦਾ ਕਰਨ ਇਨ੍ਹਾਂ ਵਿਅਕਤੀਆਂ ਤੇ ਪ੍ਰਸ਼ਨਚਿੰਨ੍ਹ ਲੱਗ ਗਿਆ ਹੈ।

ਹੁਣ ਇੱਕ ਅਵਰਚੁਅਲ ਪੀਟਰ ਇੰਗਲੈਂਡ ਸਟੋਰ ਸਿਰ.ਫ ਹੋਮਸ਼ਾਪ 19 'ਤੇ

ਲੁਧਿਆਣਾ,9 ਜਨਵਰੀ (ਸਚਦੇਵਾ) ਕੀ ਤੁਹਾਨੂੰ ਲੱਗਦਾ ਹੈ ਕਿ ਫੈਸ਼ਨ ਤੁਹਾਡੀ ਜੇਬ 'ਤੇ ਭਾਰੀ ਪੈ ਰਿਹਾ ਹੈ। ਜੇਕਰ ਹਾਂ ਤਾਂ ਹੋਮਸ਼ਾਪ 19 ਅਤੇ ਪੀਟਰ ਇੰਗਲੈਂਡ ਤੁਹਾਨੂੰ ਗਲਤ ਸਾਬਿਤ ਕਰ ਦੇਣਗੇ। ਭਾਰਤ ਦੇ ਪਹਿਲੇ 24 ਘੰਟੇ ਚੱਲਣ ਵਾਲੇ ਹੋਮ ਸ਼ਾਪਿੰਗ ਚੈਨਲ ਹੋਮਸ਼ਾਪ 19 ਨੇ ਦੇਸ਼ ਵਿੱਚ ਸਭ ਤੋਂ ਜ਼ਿਆਦਾ ਵਿਕਣ ਵਾਲੇ ਸ਼ਰਟ ਬਰਾਂਡ ਪੀਟਰ ਇੰਗਲੈਂਡ ਦੇ ਨਾਲ ਗਠਜੋੜ ਕੀਤਾ ਹੈ ਅਤੇ ਇੱਕ ਨਵੇਂ ਐਕਸਕਲੂਸਿਵ ਪੀਟਰ ਇੰਗਲੈਂਡ ਸ਼ੋਅ ਦੀ ਸ਼ੁਰੂਆਤ ਕੀਤੀ ਹੈ। ਇਸ ਸ਼ੋਅ ਦੇ 'ਚ ਪੀਟਰ ਇੰਗਲੈਂਡ ਦੇ ਐਕਸਕਲੂਸਿਵ ਉਤਪਾਦ ਫੀਚਰ ਕੀਤੇ ਜਾਣਗੇ ਅਤੇ ਇਹਨਾਂ ਦੋ ਵਿੱਚ ਸ਼ਰਟ, ਪੈਂਟ ਸੂਟ ਤੋਂ ਲੈ ਕੇ ਡੈਨਿਮ ਸਭ ਕੁਝ ਹਨ। ਪੀਟਰ ਇੰਗਲੈਂਡ ਨੇ ਫਾਰਮਲ ਪਹਿਰਾਵਿਆਂ ਨੂੰ ਇੱਕ ਨਵੀਂ ਪਭਿਾਸ਼ਾ ਦਿੱਤੀ ਹੈ ਅਤੇ ਸਿਲੇ-ਸਿਲਾਏ ਕੱਪੜਿਆਂ ਦੇ ਬਾਜ਼ਾਰ ਵਿੱਚ ਆਪਣੇ ਲਈ ਵਿਸ਼ੇਸ਼ ਜਗ੍ਹਾਂ ਬਣਾਈ ਹੈ। ਇਸ ਸ਼ੋਅ ਦੀ ਸ਼ੁਰੂਆਤ ਕਰਦੇ ਹੋਏ ਹੋਮਸ਼ਾਪ 19 ਦੇ ਸੀ. ਈ. ਓ ਸੰਦੀਪ ਮਲਹੋਤਰਾ 19 ਇੱਕ ਨੇ ਕਿਹਾ ਕਿ ਪੀਟਰ ਇੰਗਲੈਂਡ ਦੀ ਰੈਂਜ ਦਾ ਪ੍ਰਦਰਸ਼ਨ ਕਰਨ ਦੇ ਲਈ ਹੋਮਸ਼ਾਪ ਆਦਰਸ਼ ਮੰਚ ਹੈ। ਚੈਂਨਲ ਇੱਕ ਅਕਸ਼ਪਾਰਟ, ਨਵੀਨਤਾਵਾਂ, ਸਮਾਧਾਨ ਡਿਮਾਂਡ ਸਟੇਸ਼ਨ, ਟਿਪਸ ਅਤੇ ਡਾਈਡਿਆਇਜ਼ ਫੀਚਰ ਕੀਤੇ ਜਾਂਦੇ ਹਨ ਅਤੇ ਇਹ ਸਭ ਕੁਝ ਇਸ ਤਰੀਕੇ ਦੇ ਨਾਲ ਕੀਤਾ ਜਾਂਦਾ ਹੈ ਕਿ ਤੁਹਾਨੂੰ ਜੋੜ ਕੇ ਰੱਖੇ ਅਤੇ ਨਾਲ ਹੀ ਤੁਹਾਡਾ ਮਨੋਰੰਜਨ ਵੀ ਹੋਵੇ ਤਾਂ ਕੀ ਅਸੀਂ ਆਪਣੇ ਗਾਹਕਾਂ ਨੂੰ ਖ਼ਰੀਦਦਾਰੀ ਦਾ ਇੱਕ ਪੂਰੀ ਦੇ ਨਾਲ ਨਵਾਂ ਅਨੁਭਵ ਮੁਹੱਈਆ ਕਰਵਾ ਸਕੀਏ।

ਨਰੇਗਾ ਮਜ਼ਦੂਰਾਂ ਵੱਲੋਂ ਰੋਸ ਮੁਜ਼ਾਹਰਾ

ਮੁਕਤਸਰ, 9 ਜਨਵਰੀ (ਪ.ਪ.)-ਮੁਕਤਸਰ ਦੇ ਪਿੰਡ ਖੂਨਣਕਲਾਂ ਵਿਖੇ ਨਰੇਗਾ ਰੋਜ਼ਗਾਰ ਪ੍ਰਾਪਤ ਯੂਨੀਅਨ ਵੱਲੋਂ ਪੰਜਾਬ ਸਰਕਾਰ ਦੀ ਅਰਥੀ ਫੂਕ ਮੁਜਾਹਰਾ ਕੀਤਾ ਗਿਆ। ਇਸ ਮੌਕੇ ਤੇ ਬੋਲਦਿਆਂ ਜਿਲ੍ਹਾ ਪ੍ਰਧਾਨ ਭੀਮਾ ਸਿੰਘ ਤੇ ਜਿਲ੍ਹਾ ਸਕੱਤਰ ਗੁਲਜਾਰ ਸਿੰਘ ਨੇ ਕਿਹਾ ਕਿ ਕਈ ਪਿੰਡਾਂ ਵਿੱਚ ਮਜ਼ਦੂਰਾਂ ਨੂੰ ਨਰੇਗਾ ਸਕੀਮ ਅਧੀਨ ਕੰਮ ਨਹੀਂ ਦਿੱਤਾ ਜਾ ਰਿਹਾ । ਜਿਸ ਕਰਕੇ ਮਜ਼ਦੂਰ ਵਰਗ ਨਿਰਾਸ਼ ਹੈ। ਉਹਨਾ ਕਿਹਾ ਕਿ ਕਈ ਪਿੰਡਾਂ ਵਿੱਚ ਮਜ਼ਦੂਰਾਂ ਨੇ ਕੰਮ ਵੀ ਕੀਤਾ ਹੈ ਪਰ ਉਹਨਾ ਨੂੰ ਮਜ਼ਦੂਰੀ ਦੇ ਪੈਸੇ ਨਹੀਂ ਦਿੱਤੇ ਗਏ। ਜੇਕਰ ਪੈਸੇ ਦਿੱਤੇ ਵੀ ਜਾਂਦੇ ਹਨ ਤਾਂ 136 ਰੁਪਏ 79 ਪੈਸੇ ਦੀ ਥਾਂ 123 ਰੁਪਏ ਹੀ ਦਿੱਤੇ ਜਾ ਰਹੇ ਹਨ। ਆਗੂਆਂ ਨੇ ਕਿਹਾ ਕਿ ਸਰਕਾਰ ਦੀਆਂ ਮਾੜੀਆਂ ਨੀਤੀਆਂ ਦੇ ਵਿਰੋਧ ਵਿੱਚ ਹੀ ਅਰਥੀਆਂ ਫੂਕੀਆਂ ਜਾ ਰਹੀਆਂ ਹਨ।

ਆਂਗਨਵਾੜੀ ਸੈਂਟਰ ਦੇ ਬੱਚਿਆਂ ਨੂੰ ਗਰਮ ਕੱਪੜੇ ਵੰਡੇ

ਐਨ ਆਰ ਆਈ ਕੁਲਦੀਪ ਸਿੰਘ ਤੇ ਹੋਰ ਆਗੂ ਬੱਚਿਆਂ ਨੂੰ ਗਰਮ ਕੱਪੜੇ ਵੰਡਦੇ ਹੋਏ। ਫੋਟੋ : ਬਲਜਿੰਦਰ ਸਿੰਘ

ਫਤਿਹਗੜ੍ਹ ਸਾਹਿਬ : 9 ਜਨਵਰੀ (ਬਲਜਿੰਦਰ ਸਿੰਘ)- ਐਨ ਆਰ ਆਈ ਕੁਲਦੀਪ ਸਿੰਘ ਮਨਹੇੜਾ ਨੇ ਆਪਣੇ ਪਿੰਡ ਮਨਹੇੜਾ ਵਿਖੇ ਸਰਬੱਤ ਦੇ ਭਲੇ ਅਤੇ ਪਿੰਡ ਦੀ ਸੁਖਸ਼ਾਤੀ ਲਈ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਗੁਰਦੁਆਰਾ ਸਾਹਿਬ 'ਚ ਪਾਏ ਗਏ ਅਤੇ ਪਿੰਡ ਦੇ ਸਰਕਾਰੀ ਐਲੀਮੈਂਟਰੀ ਸਕੂਲ ਅਤੇ ਆਗਨਵਾੜੀ ਸੈਂਟਰ ਦੇ ਬੱਚਿਆਂ ਨੂੰ ਗਰਮ ਕੱਪੜਿਆਂ ਦੀਆਂ ਪੂਰੀਆਂ ਵਰਦੀਆਂ ਵੰਡੀਆਂ ਗਈਆਂ। ਇਸ ਮੌਕੇ ਐਨ ਆਰ ਆਈ ਸ੍ਰ: ਕੁਲਦੀਪ ਸਿੰਘ ਮਨਹੇੜਾ ਨੇ ਕਿਹਾ ਕਿ ਸਾਨੂੰ ਲੋੜਵੰਦ ਕਰਨ ਤੇ ਆਪਣੇ ਆਪਣੇ ਪਿੰਡ ਦੀ ਬਿਹਤਰੀ ਲਈ ਜ਼ਰੂਰ ਸੋਚਣਾ ਚਾਹੀਦਾ ਹੈ ਕਿਉਂ ਕਿ ਪੇਡੂ ਇਲਾਕੇ ਦੇ ਸਕੂਲਾਂ ਦੀ ਪੜਾਈ ਦਾ ਮਿਆਰ ਸ਼ਹਿਰੀ ਸਕੂਲਾ ਨਾਲੋਂ ਕਾਫੀ ਪੱਛੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਹਮੇਸ਼ਾਂ ਪ੍ਰਮਾਤਮਾ ਵੀ ਉਨ੍ਹਾਂ ਦੀ ਮਦਦ ਕਰਦਾ ਹੈ ਜੋ ਲੋੜਵੰਦਾ ਦੀ ਮਦਦ ਕਰਨ ਲਈ ਅੱਗੇ ਆਉਂਦੇ ਹਨ। ਇਸ ਸਮਾਗਮ ਦੌਰਾਨ ਸਕੂਲ ਟੀਚਰਾਂ ਨੂੰ ਵੀ ਗਰਮ ਸਾਲ ਦਿੱਤੇ ਗਏ। ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਸ੍ਰ: ਨਰਿੰਦਰ ਸਿੰਘ ਟਿਵਾਣਾ ਸਾਬਕਾ ਚੇਅਰਮੈਨ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਤੇ ਐਨ ਆਰ ਆਈ ਕੁਲਦੀਪ ਸਿੰਘ ਮਨਹੇੜਾ ਯੂ ਐਸ ਏ ਦੀ ਸੋਚ ਦੀ ਸਲਾਘਾ ਕੀਤੀ। ਸਮਾਗਮ 'ਚ ਪ੍ਰਿਤਪਾਲ ਸਿੰਘ ਮਨਹੇੜਾ ਪ੍ਰਧਾਨ, ਜਰਨੈਲ ਸਿੰਘ ਹਿੰਦੂਪੁਰ, ਗਗਨਜੀਤ ਸਿੰਘ ਰਾਮਪੁਰ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਰਣਬੀਰ ਸਿੰਘ ਵਾਲੀਆਂ ਜਮੀਤਗੜ੍ਹ, ਇੰਦਰਜੀਤ ਸਿੰਘ ਹਿੰਦੂਪੁਰ ਆਦਿ ਵੀ ਹਾਜ਼ਰ ਸਨ।